# ਸ਼ਹੀਦ ਭਗਤ ਸਿੰਘ

# ਸਟੇਟ ਟੈਕਨੀਕਲ ਕੈਂਪਸ, ਮੋਗਾ ਰੋਡ, ਫ਼ਿਰੋਜ਼ਪੁਰ

(ਪੰਜਾਬ ਸਰਕਾਰ ਦੁਆਰਾ ਸਥਾਪਤ)

ਨਿਲਾਮੀ ਨੋਟਿਸ 1/2017

ਨਕਾਰਾ ਕੰਪਿਊਟਰ ਅਤੇ ਕਬਾੜ ਦੀ ਨਿਲਾਮੀ ਸੰਬੰਧੀ

ਨਿਲਾਮੀ ਦੀ ਮਿਤੀ 18.12.17 ਸਵੇਰੇ 11.30 ਵਜੇ।

## ਬੋਲੀਕਾਰਾਂ ਲਈ ਨਿਰਧਾਰਤ ਸ਼ਰਤਾਂ

1 . ਬੋਲੀ ਦੇਣ ਤੋਂ ਪਹਿਲਾਂ ਹਰ ਇੱਕ ਬੋਲੀਕਾਰ ਨੂੰ ਨਿਰਧਾਰਤ ਫ਼ਾਰਮ ਭਰਨਾ ਪਵੇਗਾ।

2 . ਬੋਲੀਕਾਰ ਵੱਲੋਂ ਇਸ ਫ਼ਾਰਮ ਨਾਲ ਉਸ ਦੇ ਮੁਕੰਮਲ ਅਡਰੈਸ ਦਾ ਪਛਾਣ ਪੱਤਰ ਅਤੇ ਪੈਨ ਕਾਰਡ ਦੀ ਕਾਪੀ ਲਗਾਉਣੀ ਜਰੂਰੀ ਹੈ।

3 ਬੋਲੀ ਫ਼ਾਰਮ ਦੇ ਨਾਲ ਪੰਜ ਹਜ਼ਾਰ ਰੁਪਏ ਨਕਦ/ਡੀ.ਡੀ.ਰਾਹੀਂ ਲੇਖ਼ਾ ਸ਼ਾਖ਼ਾ ਵਿੱਚ ਬਤੌਰ ਬਿਆਨਾ ਰਕਮ ਜਮ੍ਹਾਂ ਕਰਵਾਉਣੀ ਹੋਵੇਗੀ ਜੋ ਕਿ ਬੋਲੀ ਖ਼ਤਮ ਹੋਣ ਤੋਂ ਬਾਅਦ ਪਹਿਲੇ ਦੋ ਸਭ ਤੋਂ ਵੱਧ ਬੋਲੀ ਦੇਣ ਵਾਲੇ ਸਫ਼ਲ ਬੋਲੀਕਾਰ ਨੂੰ ਛੱਡ ਕੇ ਬਾਕੀ ਦੇ ਸਭ ਅਸਫ਼ਲ ਬੋਲੀਕਾਰਾਂ ਨੂੰ ਵਾਪਸ ਕਰ ਦਿੱਤੀ ਜਾਵੇਗੀ।

4 . ਸਫ਼ਲ ਬੋਲੀਕਾਰ ਨੂੰ ਉਸ ਦੇ ਨਾਮ ਨਿਲਾਮ ਹੋਏ ਮਾਲ ਦੀ ਕੀਮਤ ਦੀ 25 ਪ੍ਰਤੀਸ਼ਤ ਰਕਮ ਉਸੇ ਸਮੇਂ ਜਮ੍ਹਾਂ ਕਰਵਾਉਣੀ ਹੋਵੇਗੀ ਬਾਕੀ ਦੀ 75 ਪ੍ਰਤੀਸ਼ਤ ਰਕਮ 10 ਦਿਨ ਦੇ ਅੰਦਰ ਅੰਦਰ ਜਮ੍ਹਾਂ ਕਰਵਾਉਣੀ ਹੋਵੇਗੀ ਅਤੇ ਮਾਲ ਨੂੰ 10 ਦਿਨ ਦੇ ਅੰਦਰ ਅੰਦਰ ਉਠਾਉਣਾ ਹੋਵੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਮਿਥੇ ਸਮੇਂ ਤੋਂ ਬਾਅਦ ਉਸ ਨੂੰ 2 ਪ੍ਰਤੀਸ਼ਤ ਦੀ ਦਰ ਉਸ ਦੀ ਬੋਲੀ ਦੀ ਸਾਰੀ ਰਕਮ ਉਪਰ ਸਟੋਰੇਜ਼ ਚਾਰਜ ਲਗਾਇਆ ਜਾਵੇਗਾ ਅਤੇ ਇਸ ਤੋਂ ਅਗਲੇ 10 ਦਿਨ ਵੀ ਬੋਲੀ ਦੀ ਰਕਮ ਜਮ੍ਹਾਂ ਕਰਵਾਉਣ ਵੱਚ ਅਸਫ਼ਲ ਰਹਿਣ ਨਾਲ ਉਸ ਵੱਲੋਂ ਪਹਿਲਾਂ ਜਮ੍ਹਾਂ ਕਰਵਾਈ ਗਈ ਸਾਰੀ ਰਕਮ ਜ਼ਬਤ ਕਰ ਲਈ ਜਾਵੇਗੀ ਅਤੇ ਉਸ ਦੀ ਬੋਲੀ ਖ਼ਾਰਜ਼ ਕਰ ਦਿੱਤੀ ਜਾਵੇਗੀ। ਬਾਕੀ ਫ਼ੈਸਲਾ ਕਮੇਟੀ ਦੀਆਂ ਸਿਫ਼ਾਰਿਸ਼ਾਂ ਅਨੁਸਾਰ ਹੋਵੇਗਾ।

5 . ਉਪਰੋਕਤ ਮਾਲ ਜਿਵੇਂ ਹੈ ਅਤੇ ਜਿੱਥੇ ਹੈ ਦੇ ਆਧਾਰ ਤੇ ਨਿਲਾਮ ਕੀਤਾ ਜਾਵੇਗਾ।ਨਿਲਾਮ ਕੀਤੇ ਜਾਣ ਵਾਲੇ ਸਮਾਨ ਦੀ ਗਿਣਤੀ ਵੱਧ ਜਾਂ ਘੱਟ ਹੋ ਸਕਦੀ ਹੈ।

6. ਮਾਲ ਦਾ ਨਿਰੀਖ਼ਣ ਮਿਤੀ 4-12-17 ਤੋਂ 14-12-17 ਤੱਕ ਕਿਸੇ ਵੀ ਕੰਮ ਵਾਲੇ ਦਿਨ ਕੀਤਾ ਜਾ ਸਕਦਾ ਹੈ।

7. ਮਾਲ ਦੀ ਨਿਲਾਮੀ ਅਤੇ ਉਸ ਨੂੰ ਉਠਾਉਣ (ਖ਼ਰੀਦ) ਕਰਨ ਸੰਬੰਧੀ ਇਸ ਤੋਂ ਇਲਾਵਾ ਜੇਕਰ ਕੋਈ ਵੀ ਟੈਕਸ, ਚੁੰਗੀ ਜਾਂ ਕੋਈ ਹੋਰ ਕਿਸੇ ਵੀ ਕਿਸਮ ਦੀ ਦੇਣਦਾਰੀ ਹੋਵੇਗੀ ਤਾਂ ਉਸ ਸੰਬੰਧੀ ਕਾਲਜ ਜ਼ਿੰਮੇਵਾਰ ਨਹੀਂ ਹੋਵੇਗਾ ਉਸ ਦੀ ਅਦਾਇਗੀ ਬੋਲੀਕਾਰ ਹੀ ਕਰੇਗਾ।

8 ਬੋਲੀ ਲਗਾਉਣ ਦੀ ਪ੍ਰਕਿਰਿਆ ਕਮੇਟੀ ਵੱਲੋਂ ਮੌਕੇ ਤੇ ਹੀ ਦੱਸੀ ਜਾਵੇਗੀ।

9 ਕੰਪਿਊਟਰ ਅਤੇ ਇਲੈਕਟ੍ਰੋਨਿਕ ਦੇ ਸਮਾਨ ਦੀ ਬੋਲੀ ਵਿੱਚ ਹਿੱਸਾ ਲੈਣ ਲਈ ਬੋਲੀਕਾਰਾਂ ਕੋਲ Management & Handling of e-waste ਦਾ **Valid** ਸਰਟੀਫ਼ਿਕੇਟ ਹੋਣਾ ਜਰੂਰੀ ਹੈ।

10 ਡਾਇਰੈਕਟਰ ਸਾਹਿਬ ਵੱਲੋਂ ਬਿਨਾਂ ਕੋਈ ਕਾਰਣ ਦੱਸੇ ਕਿਸੇ ਵੀ ਇੱਕ ਕਿਸਮ ਦੇ ਸਮਾਨ ਜਾਂ ਸਾਰੇ ਮਾਲ ਦੀ ਬੋਲੀ ਨੂੰ ਰੱਦ ਕਰਨ ਜਾਂ ਇਸ ਨੂੰ ਅੱਗੇ ਪਾਉਣ ਦਾ ਅਧਿਕਾਰ ਰਾਖਵਾਂ ਹੈ।

11 ਜੇਕਰ ਬੋਲੀ ਵਾਲੇ ਦਿਨ ਕਿਸੇ ਕਾਰਣ ਛੁੱਟੀ ਘੋਸ਼ਿਤ ਹੁੰਦੀ ਹੈ ਤਾਂ ਇਹ ਬੋਲੀ ਉਸ ਤੋਂ ਅਗਲੇ ਕੰਮ ਵਾਲੇ ਦਿਨ ਇਸੇ ਸਮੇਂ ਅਨੁਸਾਰ ਹੋਵੇਗੀ।

12 ਬੋਲੀ ਸੰਬੰਧੀ ਕਿਸੇ ਵੀ ਤਰਾਂ ਦੀ ਸੋਧ ਕਾਲਜ ਦੀ ਵੈਬਸਾਈਟ ਤੇ ਹੀ ਪਾਈ ਜਾਵੇਗੀ। ਚਾਹਵਾਨ ਬੋਲੀਦਾਤਾ ਇਸ ਤਰਾਂ ਦੀ ਸੂਚਨਾ ਲਈ ਬੋਲੀ ਵਾਲੇ ਦਿਨ ਤੱਕ ਵੈਬਸਾਈਟ ਨੂੰ ਚੈਕ ਕਰ ਸਕਦੇ ਹਨ।

13 ਉਪਰੋਕਤ ਤੋਂ ਇਲਾਵਾ ਹੋਰ ਸ਼ਰਤਾਂ ਜੋ ਕਮੇਟੀ ਵੱਲੋਂ ਮੌਕੇ ਤੇ ਦੱਸੀਆਂ ਜਾਣਗੀਆਂ ਉਹ ਪੂਰੀ ਤਰਾਂ ਇਸ ਬੋਲੀ ਉਪਰ ਲਾਗੂ ਹੋਣਗੀਆਂ।

ਡਾਇਰੈਕਟਰ

ਬੋਲੀਕਾਰ ਦੇ ਹਸਤਾਖ਼ਰ

# ਸ਼ਹੀਦ ਭਗਤ ਸਿੰਘ

# ਸਟੇਟ ਟੈਕਨੀਕਲ ਕੈਂਪਸ, ਮੋਗਾ ਰੋਡ, ਫ਼ਿਰੋਜ਼ਪੁਰ

(ਪੰਜਾਬ ਸਰਕਾਰ ਦੁਆਰਾ ਸਥਾਪਤ)

## ਨਿਲਾਮੀ ਨੋਟਿਸ 1/2017

<u>ਨਕਾਰਾ ਕੰਪਿਊਟਰ ਅਤੇ ਕਬਾੜ ਦੀ ਨਿਲਾਮੀ ਸੰਬੰਧੀ</u>

ਨਿਲਾਮੀ ਦੀ ਮਿਤੀ 18.12.17 ਸਵੇਰੇ 11.30 ਵਜੇ।

1. ਨਾਮ :______________________________

2. ਪਿਤਾ ਦਾ ਨਾਮ :______________________________

3. ਪੂਰਾ ਪਤਾ :______________________________

______________________________

______________________________

______________________________

______________________________

4. ਬਿਆਨਾ ਰਕਮ ਅਤੇ ਵੇਰਵਾ:______________________________

ਮੈਂ/ ਅਸੀਂ ਬਿਨੈ ਪੱਤਰ ਅਤੇ ਇਸ ਨਾਲ ਦਿੱਤੀਆਂ ਗਈਆਂ ਸਾਰੀਆਂ ਸ਼ਰਤਾਂ ਨੂੰ ਪੜ੍ਹ ਲਿਆ ਹੈ ਅਤੇ ਇਹ ਸਾਨੂੰ/ਮੈਨੂੰ ਮਨਜ਼ੂਰ ਹਨ। ਇਸ ਤੋਂ ਬਆਦ ਹੀ ਮੈਂ/ਅਸੀਂ ਇਸ ਬੋਲੀ ਵਿੱਚ ਹਾਜ਼ਰ ਹੋ ਰਹੇ ਹਾਂ।

ਹਸਤਾਖ਼ਰ

ਬੋਲੀਕਾਰ ਦਾ ਨਾਮ ______________________________

| Item | Quantity |
|---|---|
| Computer Systems | 11 computers Systems |
| Monitors | 103 |
| DMP | 25 |
| LCD Projectors | 2 |
| Lab Kits | 11 |

Quantity of above said e-waste can be increased or decreased and any other e-waste item can be included at the time of auction of e-waste.